ਦਫ਼ਤਰ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ

(ਦਫ਼ਤਰੀ ਅਮਲਾ ਸ਼ਾਖਾ, ਈ-ਮੇਲ ਆਈ.ਡੀ. medpipunjab@punjabeducation.gov.in)

(ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜਿਲ)

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ)/ (ਐਸਿ),
ਪੰਜਾਬ।

ਮੀਮੋ ਨੰ:837641/
ਮਿਤੀ, ਐਸ.ਏ.ਐਸ.ਨਗਰ- 06.03.2026

ਵਿਸ਼ਾ- ਵਿਭਾਗ ਵੱਲੋ ਸਾਲ 2018 ਵਿੱਚ ਜਾਰੀ ਰੂਲਾਂ ਅਨੁਸਾਰ ਖੇਤਰੀ ਦਫਤਰਾਂ/ ਸਕੂਲਾਂ/ਸੰਸਥਾਵਾਂ ਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਬਾਰਡਰ ਏਰੀਆ ਅਤੇ ਜਨਰਲ ਏਰੀਆ (ਨਾਨ ਬਾਰਡਰ) ਦੀ ਵੱਖ ਵੱਖ ਫਾਇਨਲ ਸੀਨੀਆਰਤਾ ਸੂਚੀਆਂ ਜਾਰੀ ਕਰਨ ਸਬੰਧੀ।

ਹਵਾਲਾ- ਇਸ ਦਫਤਰ ਦੇ ਮੀਮੋ ਨੰ : 837641/2025348305 ਮਿਤੀ 28-11-2025 ਅਤੇ ਮੀਮੋ ਨੰ 837641/2026530 44 ਮਿਤੀ 24-02-2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਰਾਹੀਂ ਵਿਭਾਗ ਵੱਲੋ ਸਾਲ 2018 ਵਿੱਚ ਜਾਰੀ ਰੂਲਾਂ ਅਨੁਸਾਰ ਖੇਤਰੀ ਦਫਤਰਾਂ/ ਸਕੂਲਾਂ/ਸੰਸਥਾਵਾਂ ਦੇ ਕਲਰਕਾਂ/ ਜੂਨੀਅਰ ਸਹਾਇਕਾਂ ਦੀ ਪ੍ਰੋਵੀਜਨਲ ਸੀਨੀਆਰਤਾ ਸੂਚੀਆਂ (ਬਾਰਡਰ ਏਰੀਆ ਅਤੇ ਜਨਰਲ (ਨਾਨ ਬਾਰਡਰ) ਏਰੀਆ) ਜਾਰੀ ਕਰਦੇ ਹੋਏ ਇਤਰਾਜਾਂ ਦੀ ਮੰਗ ਕੀਤੀ ਗਈ ਸੀ। ਇਨਾਂ ਸੀਨੀਆਰਤਾ ਸੂਚੀਆਂ ਸਬੰਧੀ ਪ੍ਰਾਪਤ ਹੋਏ ਇਤਰਾਜਾਂ ਨੂੰ ਵਿਚਾਰਦੇ ਹੋਏ ਲੋੜੀਂਦੀਆਂ ਸੋਧਾਂ ਕਰ ਦਿੱਤੀਆਂ ਗਈਆਂ ਹਨ। ਇਹ ਸੀਨੀਆਰਤਾ ਸੂਚੀਆਂ ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਮਿਤੀ 10-10-2014 ਅਨੁਸਾਰ ਤਿਆਰ ਕੀਤੀ ਗਈ ਹੈ। ਇਸ ਲਈ ਇਸ ਫਾਇਨਲ ਸੀਨੀਆਰਤਾ ਸੂਚੀਆਂ ਨੂੰ ਜਾਰੀ ਕਰਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਸਬੰਧੀ ਆਪਣੇ ਅਧੀਨ ਆਉਂਦੇ ਸਮੂਹ ਕਲਰਕਾਂ/ ਜੂਨੀਅਰ ਸਹਾਇਕਾਂ ਨੂੰ ਨੋਟ ਕਰਵਾਇਆ ਜਾਵੇ।

ਸਹਾਇਕ ਰਜਿਸਟਰਾਰ

ਪਿੱਠ ਅੰਕਣ ਨੰ: ਉਕਤ 2026 6570 ਮਿਤੀ: 06.03.2026

ਉਕਤ ਦਾ ਉਤਾਰਾ ਐਮ.ਆਈ.ਐਸ ਵਿੰਗ, ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ ਨੂੰ ਸੀਨੀਅਰ ਸਹਾਇਕਾਂ ਦੀ ਫਾਇਨਲ ਸੀਨੀਆਰਤਾ ਸੂਚੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।

06/03/2026
ਸਹਾਇਕ ਰਜਿਸਟਰਾਰ